# ਪੇਰੈਂਟ ਕੁਨੈਕਟ–Parent Connect

**https://cimsweb.deltasd.bc.ca**

Delta School District
*"Where Learning Matters"*

## ਜਾਣ–ਪਛਾਣ

ਪੇਰੈਂਟ ਕੁਨੈਕਟ ਮਾਪਿਆਂ/ਗਾਰਡੀਅਨਾਂ ਨੂੰ ਹੇਠ ਲਿਖੀਆਂ ਗੱਲਾਂ ਬਾਰੇ ਜਾਣਕਾਰੀ ਦੇਵੇਗਾ:

- ਵਿਦਿਆਰਥੀਆਂ ਦੀ ਸਮਾਂ ਸੂਚੀ (ਸਕੈਜੂਅਲ) (ਉਹ ਕੀ ਅਤੇ ਕਦੋਂ ਪੜ੍ਹ ਰਹੇ ਹਨ)
- ਹਾਜ਼ਰੀ (ਅਸਲ ਸਮੇਂ ਤੋਂ ਲੈਕੇ ਅੱਜ ਦੇ ਦਿਨ ਤੱਕ)
- ਰਿਪੋਰਟ ਕਾਰਡ ਦੇ ਨੰਬਰ ਅਤੇ ਸੁਝਾਅ (ਸਮੇਂ ਅਨੁਸਾਰ)
- ਪਿਛਲੇ ਸਾਰੇ ਸਾਲਾਂ ਦੇ ਅੰਤਮ ਅੰਕਾਂ ਦੇ ਦਰਜਿਆਂ ਦੇ ਨੰਬਰ/ਨਕਲਾਂ ਦਾ ਇਤਿਹਾਸ
- ਜਨ–ਅੰਕੜੇ (ਪਤਾ, ਗਾਰਡੀਅਨ ਅਤੇ ਐਮਰਜੈਂਸੀ ਸੰਪਰਕ ਬਾਰੇ ਜਾਣਕਾਰੀ)
- ਸਕੂਲ ਦਾ ਕੈਲੰਡਰ ਅਤੇ ਬਸ ਦਾ ਮੌਜੂਦਾ ਰੂਟ
- ਮਾਪਿਆਂ/ਅਧਿਆਪਕਾਂ ਦੀ ਮੁਲਾਕਾਤ ਦੇ ਸਮੇਂ
- ਵਿਦਿਆਰਥੀਆਂ ਦੀ ਫ਼ੀਸ (ਜੇਕਰ ਫ਼ੀਸ ਦਾ ਮਾਡਿਊਲ ਵਰਤ ਰਹੇ ਹੋ)
- ਵਿਦਿਆਰਥੀਆਂ ਦੀ ਸਮਾਂ ਸੂਚੀ ਅਤੇ ਵਿਦਿਆਰਥੀਆਂ ਦੇ ਰੇਖਾ ਚਿੱਤਰਾਂ ਨੂੰ ਪ੍ਰਿੰਟ ਕਰੋ
- ਬਸੰਤ ਰੁੱਤ ਵਿੱਚ ਮਾਪੇ ਆਪਣੇ ਬੱਚਿਆਂ ਨਾਲ ਮਿਲਕੇ ਅਗਲੇ ਸਾਲ ਦੇ ਕੋਰਸ ਦੀ ਚੋਣ ਕਰ ਸਕਣਗੇ।

## ਅਧਿਕਾਰ ਅਤੇ ਪਾਸਵਰਡ

ਸ਼ੁਰੂ ਦੇ ਵਿੱਚ ਤੁਹਾਡਾ ਯੂਜ਼ਰ ਨਾਮ ਅਤੇ ਪਾਸਵਰਡ ਪਹਿਲਾਂ ਤੋਂ ਹੀ ਮਿੱਥੇ ਹੋਏ ਹੋਣਗੇ। ਯੂਜ਼ਰ ਨਾਮ ਤੁਹਾਡੇ ਬੱਚੇ  ਦਾ ਪਰਸਨਲ ਐਜੂਕੇਸ਼ਨ ਨੰਬਰ (PEN) ਹੋਵੇਗਾ। ਬੱਚੇ ਦੇ ਪਹਿਲੇ ਨਾਮ ਅਤੇ ਪਿਛਲੇ ਨਾਮ ਦੇ ਪਹਿਲੇ ਅੱਖਰ (ਛੋਟੇ ਅੱਖਰਾਂ ਵਿੱਚ), ਉਹਨਾਂ ਦੀ ਜਨਮ ਮਿਤੀ (ਮਹੀਨਾ, ਦਿਨ, ਸਾਲ ) ਉਦਾਹਰਣ ਵੱਜੋਂ "hk122590" ਅਤੇ ਮਾਪਿਆਂ/ਗਾਰਡੀਅਨਾਂ ਦਾ ਪੋਸਟਲ ਕੋਡ ਪਾਸਵਰਡ ਹੋਵੇਗਾ ( ਜੇਕਰ ਮਾਤਾ–ਪਿਤਾ/ਗਾਰਡੀਅਨ ਵੱਖਰੇ–ਵੱਖਰੇ ਪਤਿਆਂ 'ਤੇ ਰਹਿੰਦੇ ਹਨ ਤਾਂ ਉਹਨਾਂ ਦਾ ਖਾਤਾ ਅਲੱਗ ਹੋਵੇਗਾ)। ਇੱਕ ਵਾਰ ਜਦੋਂ ਤੁਸੀਂ ਸਾਈਨ ਕਰਨ ਵਿੱਚ ਸਫ਼ਲ ਹੋ ਜਾਂਦੇ – ਤਾਂ ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਤੁਰੰਤ ਕੋਈ ਨਵਾਂ ਅਤੇ ਵਧੇਰੇ ਅਰਥ ਭਰਪੂਰ ਪਾਸਵਰਡ ਬਣਾ ਲਓ।




**ਸਾਈਨ ਓਨ ਕਰਨ ਲੱਗਿਆਂ ਆਮ ਤੌਰ 'ਤੇ ਦੋ ਸਧਾਰਣ ਔਕੜਾਂ ਆਉਂਦੀਆਂ ਹਨ:**

- ਗਲਤੀ ਨਾਲ ਇੱਕ ਬੱਚੇ ਦਾ PEN ਦੂਜੇ ਬੱਚੇ ਦੀ ਜਨਮ ਤਾਰੀਖ਼ ਨਾਲ ਮਿਲਾ ਦੇਣਾ।
- ਗਲਤ ਪੋਸਟਲ ਕੋਡ ਲਿਖਣਾ; ਅਜਿਹਾ ਤੁਹਾਡੇ ਤੋਂ ਗਲਤੀ ਨਾਲ ਹੋ ਸਕਦਾ ਹੈ ਜਾਂ ਫੇਰ ਸਕੂਲ ਨੇ ਗਲਤੀ ਨਾਲ ਵਿਦਿਆਰਥੀ ਦੇ ਸਿਸਟਮ ਵਿੱਚ ਗਲਤ ਭਰ ਦਿੱਤਾ ਹੋਵੇ; ਜੇਕਰ ਅਜਿਹਾ ਹੁੰਦਾ ਹੈ ਤਾਂ ਕ੍ਰਿਪਾ ਕਰਕੇ ਸਕੂਲ ਨਾਲ ਚੈੱਕ ਕਰੋ ਕਿ ਤੁਹਾਡੇ ਨਾਮ ਦੇ ਅੱਗੇ ਸਹੀ ਪੋਸਟਲ ਕੋਡ ਲਿਖਿਆ ਹੋਇਆ ਹੈ।

ਪਹਿਲੀ ਵਾਰ ਪਾਸਵਰਡ ਬਦਲਣ ਲੱਗੇ ਸਿਸਟਮ ਤੁਹਾਨੂੰ ਦੋ ਕੁ ਸਧਾਰਣ ਜਿਹੇ ਸੁਆਲ ਪੁੱਛੇਗਾ। ਇਸ ਤਰ੍ਹਾਂ ਜੇਕਰ ਤੁਸੀਂ ਕਦੇ ਆਪਣਾ ਪਾਸ ਵਰਡ ਭੁੱਲ ਜਾਂਦੇ ਹੋ ਤਾਂ ਤੁਸੀ ਸਕੂਲ ਨਾਲ ਸੰਪਰਕ ਕੀਤੇ ਬਿਨਾਂ ਆਪਣਾ ਪਾਸਵਰਡ ਬਦਲ ਸਕਦੇ ਹੋ।



ਆਪਣਾ ਪਾਸ ਵਰਡ ਬਦਲਣ ਲਈ :

- ਆਪਣਾ ਪਾਸਵਰਡ ਭਰੋ ਜਾਂ ਲਿਖੋ ਕਿ ਤੁਸੀਂ ਆਪਣਾ ਪਾਸ ਵਰਡ ਭੁੱਲ ਗਏ ਹੋ
- ਆਪਣੀ ਪਛਾਣ ਦੀਆਂ ਗੱਲਾਂ ਬਾਰੇ ਲਿਖੋ
- ਆਪਣਾ ਨਵਾਂ ਪਾਸਵਰਡ ਭਰੋ, ਸਕਰੀਨ ਦੇ ਸਿਰੇ 'ਤੇ ਦਿੱਤੇ ਪਾਸਵਰਡ ਦੇ ਨਿਯਮਾਂ ਦਾ ਧਿਆਨ ਰੱਖੋ

  **ਕ੍ਰਿਪਾ ਕਰਕੇ ਧਿਅਨ ਰੱਖੋ:** "ਕਰੈਕਟਰਜ਼" ਦਾ ਅਰਥ A-Z ਤੱਕ ਦੇ ਅੱਖਰਾਂ ਦੀ ਵਰਤੋਂ ਕਰਨਾ ਹੈ; ਵਿਸ਼ੇਸ਼ ਕਰੈਕਟਰਜ਼ ਚਿੰਨ ਹਨ ਜਿਵੇਂ ਕਿ * & / - : + (ਇਹਨਾਂ ਦੀ ਵਰਤੋਂ ਨਾ ਕਰੋ)

## ਕੋਰਸਾਂ ਦੀ ਚੋਣ ਕਰੋ

ਮਾਤਾ-ਪਿਤਾ ਆਪਣੇ ਬੱਚਿਆਂ ਨਾਲ ਮਿਲਕੇ ਅਗਲੇ ਸਾਲ ਦੇ ਕੋਰਸਾਂ ਦੀ ਚੋਣ ਦੀ ਅਰਜ਼ੀ ਓਨ ਲਾਈਨ ਭਰ ਸਕਦੇ ਹਨ। ਪੇਰੈਂਟ ਕੁਨੈਕਟ ਇਸ ਗੱਲ ਦੀ ਜਾਣਕਾਰੀ ਦੇਵੇਗਾ ਕਿ ਕਿਹੜੀ ਕਿਸਮ ਦੇ ਕਿੰਨੇ ਕੋਰਸਾਂ ਦੀ ਲੋੜ ਹੈ ਅਤੇ ਉਹਨਾਂ ਸੰਬੰਧੀ ਸਾਰੀਆਂ ਚੋਣਾਂ ਅਤੇ ਪਸੰਦਾਂ ਬਾਰੇ ਵੀ ਸਲਾਹ ਦੇਵੇਗਾ। ਇੱਕ ਵਾਰ ਮਾਪਿਆਂ ਦੇ ਸਹਿਮਤ ਹੋਣ 'ਤੇ ਉਹ ਕੋਰਸ ਚੋਣਾਂ ਦੀ ਪੁਸ਼ਟੀ ਦੀ ਜਾਣਕਾਰੀ ਆਪਣੇ ਰਿਕਾਰਡ ਲਈ ਪ੍ਰਿੰਟ ਕਰ ਸਕਦੇ ਹਨ। ਇੱਕ ਵਾਰ ਅਰਜ਼ੀਆਂ ਬੰਦ ਹੋਣ 'ਤੇ ਮਾਪਿਆਂ ਅਤੇ ਵਿਦਿਆਰਥੀਆਂ ਵੱਲੋਂ ਉਹਨਾਂ ਵਿੱਚ ਕਿਸੇ ਪ੍ਰਕਾਰ ਦੀ ਤਬਦੀਲੀ ਨਹੀਂ ਕੀਤੀ ਜਾ ਸਕੇਗੀ। ਇਸ ਤੋਂ ਇਲਾਵਾ ਜਦੋਂ ਸਕੂਲ਼ ਵਿਦਿਆਰਥੀਆਂ ਦੀਆਂ ਸਮਾਂ ਸੂਚੀਆਂ ਉੱਤੇ ਕੰਮ ਕਰਨਾ ਸ਼ੁਰੂ ਕਰ ਦੇਵੇਗਾ ਤਾਂ ਮਾਪੇ ਆਪਣੀਆਂ ਭਰੀਆਂ ਅਰਜ਼ੀਆਂ ਨੂੰ ਵੇਖ ਨਹੀਂ ਸਕਣਗੇ।

**ਕੋਰਸਾਂ ਦੀਆਂ ਚੋਣਾਂ ਕਰਨ ਤੋਂ ਬਾਅਦ ਉਸਨੂੰ ਸੇਵ ਕਰਨਾ ਲਾਜ਼ਮੀ ਹੈ।** ਜੇਕਰ ਤੁਸੀਂ ਕੋਰਸ ਚੋਣ ਦੀ ਸਕਰੀਨ ਨੂੰ ਸੇਵ ਕਰਨ ਤੋਂ ਬਿਨਾਂ ਬੰਦ ਕਰ ਦਿੰਦੇ ਹੋ ਤਾਂ ਤੁਹਾਡਾ ਕੀਤਾ ਕੰਮ ਗੁਆਚ ਜਾਵੇਗਾ।

## ਵਿਦਿਆਰਥੀਆਂ ਦਾ ਜਨਅੰਕੜਾ

ਵਿਦਿਆਰਥੀ ਦੇ ਜਨਅੰਕੜੇ (ਪਤਾ, ਗਾਰਡੀਅਨ, ਐਮਰਜੈਂਸੀ ਦੀ ਹਾਲਤ ਵਿੱਚ ਸੰਪਰਕ ਦੀ ਜਾਣਕਾਰੀ) ਬੇਸਿਕ ਬਟਨ ਤੋਂ ਵੇਖੀ ਜਾ ਸਕਦੀ ਹੈ। ਜੇਕਰ ਕਿਸੇ ਜਾਣਕਾਰੀ ਵਿੱਚ ਸੁਧਾਰ ਦੀ ਲੋੜ ਹੈ ਤਾਂ "ਸੈਂਡ ਬਟਨ" 'Send Message' ਦੀ ਵਰਤੋਂ ਕਰਕੇ ਦਫ਼ਤਰ ਨੂੰ ਜਾਣਕਾਰੀ ਵਿੱਚ ਸੁਧਾਰ ਕਰਨ ਦੀ ਬੇਨਤੀ ਕਰੋ।

## ਹਾਜ਼ਰੀ

ਹੋ ਸਕਦਾ ਹੈ ਹਾਜ਼ਰੀ ਦਿਨ ਦੇ ਅਖੀਰ ਤੱਕ ਪੂਰੀ ਨਾ ਕੀਤੀ ਹੋਵੇ। ਸਕਰੀਨ ਦੇ ਸਿਰੇ 'ਤੇ ਪੀਰੀਅਡਾਂ ਦੇ ਨਾਮ ਸਮੇਂ ਬਾਰੇ ਦੱਸਦੇ ਹਨ। 01 – ਪਹਿਲਾ ਪੀਰੀਅਡ, 04 – ਚੌਥਾ ਪੀਰੀਅਡ।
ਨੋਟ: ਹਾਜ਼ਰੀ ਦਾ ਬਟਨ ਗੈਰਹਾਜ਼ਰ ਰਹਿਣ ਵਾਲੀਆਂ ਤਾਰੀਖ਼ਾਂ ਅਤੇ ਪੀਰੀਅਡਾਂ ਬਾਰੇ ਦੱਸੇਗਾ। ਕੋਰਸਾਂ ਵਿੱਚ ਗੈਰਹਾਜ਼ਰੀਆਂ ਬਾਰੇ ਜਾਨਣ ਲਈ ਸਟੂਡੈਂਟ ਸਕੈਜੂਅਲ ਵਾਲੇ ਟੈਬ ਨੂੰ ਵੇਖੋ।

## ਵਿਦਿਆਰਥੀਆਂ ਦੀ ਸਮਾਂ ਸੂਚੀ

ਵਿਦਿਆਰਥੀਆਂ ਦੇ ਟਰਮ, ਟੀਚਰ, ਕਮਰੇ, ਅਤੇ ਬਲੌਕ ਦੀ ਜਾਣਕਾਰੀ ਦੇਣ 'ਤੇ ਉਹਨਾਂ ਦੇ ਸਾਰੇ ਸਾਲ ਦੀ ਸਮਾਂ ਸੂਚੀ ਉਪਲਬਧ ਹੁੰਦੀ ਹੈ ਅਤੇ ਨਾਲ ਹੀ ਹਰੇਕ ਕੋਰਸ/ਸੈਕਸ਼ਨ ਦੀ ਹਾਜ਼ਰੀ ਦੀ ਜਾਣਕਾਰੀ ਵੀ ਮਿਲਦੀ ਹੈ।

## ਵਿਦਿਆਰਥੀਆਂ ਦੇ ਗਰੇਡ

ਪੇਰੈਂਟ ਕੁਨੈਕਟ ਮਾਪਿਆਂ ਨੂੰ ਮੌਜੂਦਾ ਸਾਲ ਦੇ ਰਿਪੋਰਟ ਕਾਰਡ ਦੇ ਅੰਕਾਂ ਨੂੰ ਵੇਖਣ ਦੀ ਖੁੱਲ ਵੀ ਦਿੰਦਾ ਹੈ। ਇੱਕ ਵਾਰ ਵਿਦਿਆਰਥੀਆਂ ਨੂੰ ਰਿਪੋਰਟ ਕਾਰਡ ਮਿਲਣ ਤੋਂ ਬਾਅਦ ਸਕੂਲ ਇਸ ਗੱਲ ਦੀ ਚੋਣ ਕਰ ਸਕਦੇ ਹਨ ਕਿ ਮਾਪਿਆਂ ਨੂੰ ਓਨਲਾਈਨ ਅੰਕ ਵੇਖਣ ਦੀ ਆਗਿਆ ਦੇ ਦਿੱਤੀ ਜਾਵੇ। ਖਾਨਿਆਂ ਵਿੱਚ ਆਮਤੌਰ 'ਤੇ ਇੱਕ ਟਰਮ ਦੇ ਅੰਕ ਅਤੇ ਕੰਮ ਕਰਨ ਦੀਆਂ ਆਦਤਾਂ ਬਾਰੇ ਦੱਸਿਆ ਹੁੰਦਾ ਹੈ। ਸਾਰੇ ਕੋਰਸਾਂ ਦੇ ਨੰਬਰ ਲੱਗੇ ਹੋਣੇ ਜ਼ਰੂਰੀ ਨਹੀਂ ਹਨ ( ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਬੱਚੇ ਨੇ ਅਜੇ ਕੋਰਸ ਪੜ੍ਹਿਆ ਹੈ ਜਾਂ ਨਹੀਂ)

## ਮਾਤਾ-ਪਿਤਾ/ਟੀਚਰ ਮੁਲਾਕਾਤ

ਪੇਰੈਂਟ ਕੁਨੈਕਟ ਰਾਹੀ ਮਾਤਾ-ਪਿਤਾ ਮੁਲਾਕਾਤਾਂ ਦਾ ਸਮਾਂ ਅਤੇ ਤਾਰੀਖ਼ਾਂ ਵੇਖ ਸਕਦੇ ਹਨ।

## ਵਿਦਿਆਰਥੀਆਂ ਦੀ ਫ਼ੀਸ

ਪੇਰੈਂਟ ਕੁਨੈਕਟ ਰਾਹੀਂ ਮਾਤਾ-ਪਿਤਾ ਮੌਜੂਦਾ ਸਾਲ ਦੀ ਫ਼ੀਸ ਬਾਰੇ ਜਾਣਕਾਰੀ ਹਾਸਿਲ ਕਰ ਸਕਦੇ ਹਨ। ਸਾਰੀਆਂ ਅਸੈਸਮੈਂਟਾਂ ( ਕੋਰਸ ਫ਼ੀਸ, ਵਿਦਿਆਰਥੀਆਂ ਦੀ ਫ਼ੀਸ, ਗੁਆਚੀਆਂ ਪਾਠ ਪੁਸਤਕਾਂ…) ਦੀ ਜਾਣਕਾਰੀ ਦੇ ਨਾਲ ਨਾਲ ਮਾਪਿਆਂ ਨੂੰ ਅਦਾਇਗੀਆਂ ਦੀ ਜਾਣਕਾਰੀ ਵੀ ਦਿੱਤੀ ਜਾਂਦੀ ਹੈ।

## ਮਾਤਾ-ਪਿਤਾ ਲਈ ਰਿਪੋਰਟ

ਮਾਤਾ-ਪਿਤਾ ਜਨਅੰਕੜਿਆਂ ਦੀ ਜਾਣਕਾਰੀ ਦੇਣ ਲਈ ਵਿਦਿਆਰਥੀਆਂ ਦੀ ਸਮਾਂ ਸੂਚੀ ਜਾਂ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਪ੍ਰਿੰਟ ਕਰ ਸਕਦੇ ਹਨ।